# ਸੇਠ ਲੱਖੂਭਾਈ ਬਨਾਮ ਚੰਦਰਾਸਵਾਮੀ ਬਨਾਮ ਭਾਰਤ ਦੇ ਲੋਕ

(ਨਾਟਕ ਸ਼ੁਰੂ ਹੋਣ 'ਤੇ ਲਖੂਭਾਈ ਚੰਦਰਾਸਵਾਮੀ ਨਾਲ ਗੱਲਬਾਤ ਕਰ ਰਿਹਾ ਹੈ।)

– : ਮੈਂ ਇਕ ਗੁਜਰਾਤੀ ਸੇਠ ਹਾਂ, ਪੈਸਾ ਕਮਾਉਣਾ ਮੇਰਾ ਧਰਮ ਹੈ।

– : ਮੈਂ ਚੰਦਰਾਸਵਾਮੀ ਹਾਂ। ਇਕ ਤਾਂਤਰਿਕ ਹਾਂ। ਜੋ ਪੈਸਾ ਕਮਾਉਣਾ ਤੇਰਾ ਧਰਮ ਹੈ ਤਾਂ ਮੈਂ ਤੇਰੇ ਇਸ ਧਰਮ ਕਾਰਜ ਵਿਚ ਤੇਰੀ ਮਦਦ ਕਰ ਸਕਦਾ ਹਾਂ।

– : ਉਹ ਕਿਵੇਂ ?

– : ਸਰਕਾਰੇ ਦਰਬਾਰੇ ਮੇਰੀ ਪਹੁੰਚ ਏ। ਪ੍ਰਧਾਨ ਮੰਤਰੀ ਮੇਰੇ ਅੱਗੇ ਡੰਡੌਤ ਕਰਦਾ ਹੈ। ਮੰਤਰੀਆਂ ਦੇ ਸਿਰਾਂ 'ਤੇ ਪੈਰ ਰੱਖਕੇ ਮੈਂ ਉਹਨਾਂ ਨੂੰ ਅਸ਼ੀਰਵਾਦ ਦੇਂਦਾ ਹਾਂ।

– : ਮੈਂ ਵੀ ਡੰਡੌਤ ਕਰਾਂਗਾ, ਮੈਨੂੰ ਵੀ ਅਸ਼ੀਰਵਾਦ ਦੇਵੋ।

– : ਤੇਰੀ ਡੰਡੌਤ ਤਾਂ ਮਨਜ਼ੂਰ ਹੋਵੇਗੀ ਜੇ ਤੂੰ ਆਪਣੇ ਧਰਮ ਕਾਰਜ ਦੇ ਮੁਨਾਫੇ ਵਿਚੋਂ ਸਾਡੇ ਧਰਮ ਕਾਰਜ ਲਈ ਸਾਨੂੰ ਹਿੱਸਾ ਦੇਵੇਂ।

– : ਤੁਸੀਂ ਤਾਂ ਤਾਂਤਰਿਕ ਸਵਾਮੀ ਹੋ, ਪੈਸੇ ਨਾਲ ਤੁਹਾਡਾ ਮੋਹ ਕਿਉਂ ?

– : ਮੈਂ ਲੋਕਾਂ ਲਈ ਤਾਂਤਰਿਕ ਸਵਾਮੀ ਹਾਂ, ਪਰ ਵਿਉਪਾਰੀਆਂ ਲਈ ਮੈਂ ਵਿਉਪਾਰੀ ਹਾਂ।

– : ਮੈਨੂੰ ਕਿੰਨਾ ਹਿੱਸਾ ਦੇਣਾ ਪਏਗਾ ?

– : ਇਕ ਲੱਖ ਡਾਲਰ।

– : ਇਹ ਤਾਂ ਬਹੁਤ ਏ।

– : ਤੂੰ ਦਸ ਲੱਖ ਡਾਲਰ ਕਮਾਵੇਂਗਾ।

– : ਏਨਾਂ ਕਿਸ ਤਰ੍ਹਾਂ ਕਮਾਂਵਾਂਗਾ ?

– : ਭਾਰਤ ਸਰਕਾਰ ਸਾਧਨ ਮੁਹੱਈਆ ਕਰੇਗੀ।

– : ਭਾਰਤ ਸਰਕਾਰ ਏਨਾਂ ਪੈਸਾ ਕਿਥੋਂ ਲਿਆਵੇਗੀ ?

– : ਲੋਕਾਂ ਦੀ ਛਿੱਲ ਲਾਹੇਗੀ। ਹੁਣ ਭਾਰਤ ਵਿਚ ਜਿਹੜਾ ਬੱਚਾ ਪੈਦਾ ਹੁੰਦਾ ਹੈ, ਉਹ 4 ਹਜ਼ਾਰ ਬਦੇਸ਼ੀ ਕਰਜ਼ੇ ਥੱਲੇ ਹੁੰਦਾ ਹੈ, ਫੇਰ ਉਹ 5 ਹਜ਼ਾਰ ਥੱਲੇ ਹੋ ਜਾਵੇਗਾ। ਕੀ ਫਰਕ ਪੈਂਦਾ ਹੈ ?

– : ਹਾਂ ਕੀ ਫਰਕ ਪੈਂਦਾ ਹੈ, ਪਰ ਇਹ ਪੈਸਾ ਮੇਰੇ ਕੋਲੋਂ ਤੁਸੀਂ ਕਦੋਂ ਲਵੋਗੇ ?

– : ਤੂੰ ਇਹ ਇਕ ਲੱਖ ਮੈਨੂੰ ਪਹਿਲੇ ਦੇਵੇਂਗਾ ਕਿਉਂਕਿ ਜਿਨਾਂ ਕੋਲੋਂ ਕੰਮ

ਕਰਵਾਉਣਾ, ਉਹਨਾਂ ਨੂੰ ਪਹਿਲੇ ਦੇਣਾ ਪੈਂਦਾ ਏ। ਮਨਜ਼ੂਰ ?

– : ਮਨਜ਼ੂਰ।

– : ਇਹ ਰਕਮ ਤੂੰ ਮਾਮਾ ਜੀ ਨੂੰ ਦੇਵੇਂਗਾ, ਮੈਂ ਆਪ ਪੈਸੇ ਨੂੰ ਹੱਥ ਨਹੀਂ ਲਗਾਉਂਦਾ। ਇਹ ਸਾਡਾ ਤਾਂਤਰਿਕ ਧਰਮ ਏ।

– : ਪਰ ਇਹ ਦੀ ਗਵਾਹੀ ?

– : ਗਵਾਹ ਭਾਰਤ ਦਾ ਬਦੇਸ਼ ਮੰਤਰੀ ਹੋਵੇਗਾ ਤੇ ਮੇਰੀ ਭਵਿੱਖਬਾਣੀ ਕਹਿੰਦੀ ਏ ਕਿ ਉਹ ਕਿਸੇ ਵੇਲੇ ਪ੍ਰਧਾਨ ਮੰਤਰੀ ਬਣੇਗਾ। ਜੇ ਨਹੀਂ ਬਣੇਗਾ ਤਾਂ ਅਸੀਂ ਬਣਵਾ ਦੇਵਾਂਗੇ। ਅਸੀਂ ਰੱਬੀ ਮਨੁੱਖ ਹਾਂ। ਦੋਨੋਂ ਬਾਹਰ ਜਾਂਦੇ ਹਨ। ਮੰਚ ਥੋੜ੍ਹੀ ਦੇਰ ਲਈ ਖਾਲੀ ਹੈ। ਪਿਛੋਂ ਹਨੇਰੀ ਦੀ ਸ਼ਾਂ ਸ਼ਾਂ ਦੀ ਆਵਾਜ਼ ਆਉਂਦੀ ਹੈ। ਇਹ ਇਸ ਗੱਲ ਦਾ ਸੰਕੇਤ ਹੈ ਕਿ ਸਮਾਂ ਲੰਘ ਗਿਆ ਹੈ। ਦੋਨੋਂ ਪਾਤਰ ਫੇਰ ਆਉਂਦੇ ਹਨ। ਲਖੂ ਭਾਈ ਗੁੱਸੇ ਵਿਚ ਹੈ।

– : ਸਵਾਮੀ, ਤੂੰ ਮੇਰੇ ਨਾਲ ਧੋਖਾ ਕੀਤਾ ਹੈ, ਮੈਂ ਤੇਰੇ ’ਤੇ 420 ਦਾ ਮੁਕੱਦਮਾ ਚਲਾਵਾਂਗਾ। ਤੈਨੂੰ ਜੇਲ੍ਹ ਭਿਜਵਾਵਾਂਗਾ।

– : ਭਾਰਤ ਵਿਚ ਕੌਣ ਜੰਮਿਆ ਹੈ, ਜੋ ਮੈਨੂੰ ਹੱਥ ਲਾਵੇ

*(ਦੋਨੋਂ ਮਾਈਮ ਕਰਦੇ ਹਨ, ਜਿਸ ਤਰ੍ਹਾਂ ਲਖੂ ਭਾਈ ਕਹਿ ਰਿਹਾ ਹੋਵੇ ਕਿ ਮੈਂ ਤੈਨੂੰ ਦੇਖ ਲਵਾਂਗਾ ਤੇ ਚੰਦਰਾਸਵਾਮੀ ਕਹਿ ਰਿਹਾ ਹੋਵੇ ਕਿ ਤੇਰੇ ਵਰਗੇ ਕਈ ਆਏ ਤੇ ਕਈ ਚਲੇ ਗਏ। ਫੇਰ ਪਿਛੋਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ ਤੇ ਦੋਨੋਂ ਪਾਤਰ ਬੁੱਤ ਬਣ ਜਾਂਦੇ ਹਨ।)*

ਪਹਿਲੀ ਖ਼ਬਰ –ਨਿਆਂਪਾਲਕਾ ਨੇ ਫ਼ੈਸਲਾ ਕਰ ਲਿਆ ਹੈ ਕਿ ਉਹ ਆਪਣਾ ਫਰਜ਼ ਨਿਭਾਏਗੀ।

ਦੂਜੀ ਖ਼ਬਰ : ਰਾਜੇਸ਼ ਪਾਇਲਟ ਨੇ ਚੰਦਰਾਸਵਾਮੀ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਹੈ।

ਤੀਜੀ ਖ਼ਬਰ : ਰਾਜੇਸ਼ ਪਾਇਲਟ ਕੋਲੋਂ ਗ੍ਰਹਿ ਮਹਿਕਮਾ ਖੋਹ ਲਿਆ ਗਿਆ ਹੈ।

ਚੌਥੀ ਖ਼ਬਰ : ਲੋਕ ਹੈਰਾਨ ਹਨ ਕਿ ਉਤਲੇ ਲੋਕ ਏਨੇ ਘਾਲੇਮਾਲੇ ਕਰ ਸਕਦੇ ਹਨ ਕਿ ਲੱਖਾਂ ਡਾਲਰ ਜੇਬਾਂ ਵਿਚ ਪਾ ਲੈਣ।

ਪੰਜਵੀਂ ਖ਼ਬਰ : ਚੰਦਰਾਸਵਾਮੀ ਦੀ ਗ੍ਰਿਫਤਾਰੀ ਲਈ ਹੁਕਮ ਕੱਢ ਦਿੱਤਾ ਗਿਆਹੈ। ਦੋਨੋਂ ਪਾਤਰਾਂ ਵਿਚੋਂ ਲਖੂਭਾਈ ਖੁਸ਼ ਹੈ। ਚੰਦਰਾਸਵਾਮੀ ਤਿਲਮਿਲਾ ਰਿਹਾ ਹੈ। ਹੁਣ ਉਹਦੀ ਗਰਦਨ ਦੀ ਨਾੜ ਚੜ੍ਹ ਗਈ ਹੈ। ਦੋਨੋਂ ਬਾਹਰ ਜਾਂਦੇ ਹਨ ਪਰ ਚੰਦਰਾਸਵਾਮੀ ਇਹ ਵਾਰਤਾਲਾਪ ਬੋਲਦਾ ਹੈ।

ਚੰਦਰਾਸਵਾਮੀ : ਮੈਨੂੰ ਕੁਝ ਹੋਇਆ ਤਾਂ ਮੈਂ ਪ੍ਰਧਾਨ ਮੰਤਰੀ ਨੂੰ ਨੰਗਾ ਕਰ ਦੇਵਾਂਗਾ।

ਪਿੱਛੋਂ ਆਵਾਜ਼ : ਚੰਦਰਾਸਵਾਮੀ, ਜੇ ਤੂੰ ਮੈਨੂੰ ਨੰਗਾ ਕਰੇਂਗਾ ਤਾਂ ਮੈਂ ਅੱਗੇ ਪਿੱਛੇ ਹੱਥ ਰੱਖਕੇ ਨੰਗੇਜ ਢੱਕ ਲਵਾਂਗਾ। ਨੇਤਾ ਗਿਰੀ ਦਾ ਇਹ ਦਸਤੂਰ ਹੈ।

ਸੂਤਰਧਾਰ : (ਮੰਚ 'ਤੇ ਆਕੇ) ਇਹ ਨਾਟਕ ਭਾਰਤ ਦੀ ਅਸਲੀਅਤ ਹੈ। ਖ਼ਬਰਾਂ ਆਉਂਦੀਆਂ ਹਨ ਕਿ ਘੁਟਾਲੇ ਫੜੇ ਗਏ। ਮੰਤਰੀਆਂ ਕੋਲੋਂ ਅਸਤੀਫੇ ਲੈ ਲਏ ਗਏ। ਉਹ ਜ਼ਮਾਨਤ 'ਤੇ ਰਿਹਾ ਕਰ ਦਿੱਤੇ ਗਏ। ਫੇਰ ਲੰਮੇ ਮੁਕੱਦਮੇ ਚਲਣਗੇ, ਲੋਕ ਭੁਲ ਭੁਲਾ ਜਾਣਗੇ। ਚੰਦਰਾ ਸਵਾਮੀ ਚਲਾ ਜਾਵੇਗਾ। ਉਹਨਾਂ ਦੀ ਥਾਂ ਕੋਈ ਸੂਰਜਸਵਾਮੀ ਲੈ ਲਵੇਗਾ। ਇਹ ਸਿਲਸਿਲਾ ਜਾਰੀ ਰਹੇਗਾ ਫੇਰ ਲੋਕ ਕੀ ਕਰਨ ? ਹਵਾ ਵਿਚ ਲਟਕਦਾ ਇਹ ਸਵਾਲ ਹੈ।

*(ਲੋਕ ਕੀ ਕਰਨ ? ਲੋਕ ਕੀ ਕਰਨ ? ? ? ਆਵਾਜ਼ ਦੀ ਗੂੰਜ ਹੈ।)*

– : ਹਵਾ ਵਿਚ ਲਟਕਿਆ ਇਹ ਸਵਾਲ ਸਪੱਸ਼ਟ ਜਵਾਬ ਦੀ ਮੰਗ ਕਰਦਾ ਹੈ। ਇਹ ਸਿਸਟਮ ਭ੍ਰਿਸ਼ਟਿਆ ਵੀ ਗਿਆ ਹੈ। ਤੇ ਸਿਉਂਕਿਆ ਵੀ ਗਿਆ ਹੈ। ਸਿਉਂਕ ਦਾ ਕੀ ਇਲਾਜ ਹੈ।

*(ਸਿਉਂਕ ਦਾ ਕੀ ਇਲਾਜ ਹੈ ? ਕੀ ਇਲਾਜ ਹੈ ? ? ? ਆਵਾਜ਼ ਦੀ ਗੂੰਜ ਹੈ।)*

– : ਉਸ ਥਾਂ ਨੂੰ ਅੱਗ ਲਾ ਦੇਵੋ, ਜਿਥੋਂ ਇਹ ਜਨਮ ਲੈਂਦੀ ਹੈ।

*(ਅੱਗ, ਅੱਗ ਦੀ ਪ੍ਰਤਿਧੁੰਨੀ ਸਾਰੀ ਫਿਜ਼ਾ ਵਿਚ ਫੈਲ ਜਾਂਦੀ ਹੈ) ਤੇ*

– : ਤੇ ਸਿਆਸੀ ਸ਼ਬਦਾਵਲੀ ਇਸ ਅੱਗ ਦਾ ਨਾਂ ਹੈ ਬੁਨਿਆਦੀ ਤਬਦੀਲੀਆਂ ਵਾਲਾ ਇਨਕਲਾਬ। ਇਨਕਲਾਬ ਜੋ ਹਰ ਉਸ ਚੀਜ਼ ਨੂੰ ਖ਼ਤਮ ਕਰੇਗਾ, ਜੋ ਗ਼ਲਤ ਹੈ।

*(ਅੱਗ, ਅੱਗ ਦੀ ਪ੍ਰਤਿਧੁੰਨੀ ਜਾਰੀ ਹੈ, ਜਦੋਂ ਨਾਟਕ ਖ਼ਤਮ ਹੁੰਦਾ ਹੈ) – ਸਰਕੰਡੇ ਨੂੰ*

ਵੇ ਸਰਕੰਡਿਓ, ਜੇ ਤੁਸਾਂ ਛਿੱਲਣੋਂ ਨਾ ਹਟਣਾ
ਅੱਗਾਂ ਵਾਲਿਆਂ ਨੇ
ਜੜ੍ਹੋਂ ਕੱਢ ਕੱਢ ਅੱਗਾਂ ਲਾ ਦੇਣੀਆਂ ਨੇ।